ਡਾਇਰੈਕਟੋਰੇਟ,ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ,ਪੰਜਾਬ,
ਐਸ.ਸੀ.ਓ. ਨੰ: 128-29, ਸੈਕਟਰ 34-ਏ,ਚੰਡੀਗੜ੍ਹ।

ਸੇਵਾ ਵਿਖੇ,

1) ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਪੋਲੀ. ਵਿੰਗ ਅਤੇ ਆਈ.ਟੀ.ਆਈ. ਵਿੰਗ)
ਪੰਜਾਬ, ਚੰਡੀਗੜ੍ਹ।

2) ਡਾਇਰੈਕਟਰ,
ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।

3) ਡਾਇਰੈਕਟਰ,
ਡੀ.ਪੀ.ਆਈ.(ਕਾਲਜ), ਪੰਜਾਬ, ਚੰਡੀਗੜ੍ਹ।

4) ਡਾਇਰੈਕਟਰ,
ਡੀ.ਪੀ.ਆਈ.(ਸਕੂਲਜ),ਪੰਜਾਬ,ਚੰਡੀਗੜ੍ਹ।

5) ਡਾਇਰੈਕਟਰ,
ਐਸ.ਸੀ.ਈ.ਆਰ.ਟੀ.,ਪੰਜਾਬ,ਚੰਡੀਗੜ੍ਹ।

6) ਡਾਇਰੈਕਟਰ,
ਪਸ਼ੂ ਪਾਲਣ ਵਿਭਾਗ,ਪੰਜਾਬ,ਚੰਡੀਗੜ੍ਹ।

ਮੀਮੋ ਨੰਬਰ :ਸ-17/ 11496-502
ਮਿਤੀ, ਚੰਡੀਗੜ੍ਹ: 5/6/2015

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਕੀਮ ਅਧੀਨ ਕਲੇਮਾਂ ਦੀ ਬਕਾਇਆ ਰਹਿੰਦੀ ਰਾਸ਼ੀ ਸਬੰਧੀ ਪ੍ਰਾਈਵੇਟ ਸੰਸਥਾਵਾਂ ਪਾਸੋਂ ਬਿਆਨ ਹਲਫੀਆ/ ਅੰਡਰ ਟੇਕਿੰਗ ਲੈਣ ਸਬੰਧੀ ਸਾਲ 2014-15.

ਭਲਾਈ ਵਿਭਾਗ ਵਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਕੀਮ ਤਹਿਤ ਅਸ਼ੀਰਵਾਦ ਪੋਰਟਲ ਤੇ ਮਿਤੀ 04-01-2015 ਤੱਕ ਦਰਜ ਡਾਟੇ ਅਨੁਸਾਰ ਸੰਸਥਾਵਾਂ ਨੂੰ ਫੰਡਜ ਦੀ ਉਪਲਬਧਤਾ ਅਨੁਸਾਰ ਫੀਸਾਂ ਦੇ ਕਲੇਮਾਂ ਦੀ ਅਦਾਇਗੀਆ ਕੀਤੀਆਂ ਜਾ ਚੁੱਕੀਆਂ ਹਨ, ਸੰਸਥਾਵਾਂ ਦੀ ਬਾਕੀ ਰਹਿੰਦੀ ਅਦਾਇਗੀ ਅਤੇ ਵਿਦਿਆਰਥੀਆ ਦਾ ਮੇਂਟੀਨੈਂਸ ਅਦਾ ਕਰਨ ਲਈ ਭਾਰਤ ਸਰਕਾਰ ਨੂੰ ਮੰਗ ਭੇਜੀ ਹੋਈ ਹੈ, ਜੋ ਕਿ ਜਲਦ ਹੀ ਰਲੀਜ ਹੋਣ ਦੀ ਸੰਭਾਵਨਾ ਹੈ। ਇਸ ਲਈ ਭਲਾਈ ਵਿਭਾਗ ਵਲੋਂ ਪਿੱਛਲੇ ਸਮੇਂ ਦੇ ਹਾਲਾਤਾਂ ਨੂੰ ਵੇਖਦੇ ਹੋਏ ਫੈਸਲਾ ਲਿਆ ਗਿਆ ਹੈ ਕਿ ਪ੍ਰਾਈਵੇਟ ਸੰਸਥਾਵਾਂ (ਏਡਿਡ ਅਤੇ ਨਾਨ ਏਡਿਡ) ਪਾਸੋਂ ਹੇਠ ਲਿਖੇ ਅਨੁਸਾਰ ਸੂਚਨਾ, ਬਿਆਨ ਹਲਫੀਆ/ਅੰਡਰ ਟੇਕਿੰਗ ਦੇ ਰੂਪ ਵਿੱਚ, ਪੱਤਰ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਮੰਗੀ ਜਾਵੇ ਤਾਂ ਜੋ ਭਾਰਤ ਸਰਕਾਰ ਪਾਸੋਂ ਮੰਗ ਅਨੁਸਾਰ ਬਕਾਇਆ ਰਾਸ਼ੀ ਪ੍ਰਾਪਤ ਹੋਣ ਤੇ ਸਬੰਧਤ ਸੰਸਥਾਵਾਂ ਨੂੰ ਬਿਨ੍ਹਾਂ ਕਿਸੇ ਦੇਰੀ ਦੇ ਆਨ ਲਾਈਨ ਟਰਾਸਫਰ ਕੀਤੀ ਜਾ ਸਕੇ।

ਇਸ ਲਈ ਆਪਨੂੰ ਲਿਖਿਆ ਜਾਂਦਾ ਹੈ ਕਿ ਆਪਦੇ ਵਿਭਾਗ ਨਾਲ ਸਬੰਧਤ ਪ੍ਰਾਈਵੇਟ ਸੰਸਥਾਵਾਂ(ਏਡਿਡ ਅਤੇ ਨਾਨ ਏਡਿਡ) ਨੂੰ ਹੇਠ ਲਿਖੇ ਅਨੁਸਾਰ ਸੂਚਨਾ 15 ਦਿਨਾਂ ਦੇ ਅੰਦਰ ਦਸਤੀ ਪੁਜਦੀ ਕਰਨ ਦੇ ਆਦੇਸ਼ ਦਿੱਤੇ ਜਾਣ ਤਾਂ ਜੋ ਸਾਲ 2014-15 ਦੇ ਬਕਾਇਆ ਕਲੇਮਾਂ ਦੀ ਸਮੇਂ ਸਿਰ ਅਦਾਇਗੀ ਕੀਤੀ ਜਾ ਸਕੇ:-

1) ਸਾਲ 2014-15 ਦੌਰਾਨ ਉਕਤ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਕਿੰਨੇ ਵਿਦਿਆਰਥੀਆਂ ਨੇ ਦਾਖਲਾ ਲਿਆ ਸੀ ਅਤੇ ਕੀ ਇਨ੍ਹਾਂ ਵਿਦਿਆਰਥੀਆਂ ਪਾਸੋਂ ਫੀਸਾਂ ਲਈਆ ਗਈਆਂ ਹਨ ਜਾਂ ਕਿ ਨਹੀਂ;
2) ਜੇਕਰ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਪਾਸੋਂ ਫੀਸਾ ਲਈਆਂ ਸਨ ਤਾਂ ਕੀ ਭਲਾਈ ਵਿਭਾਗ ਵਲੋਂ ਸਾਲ 2014-15 ਦੌਰਾਨ ਪ੍ਰਾਪਤ ਰਾਸ਼ੀ ਸਬੰਧਤ ਵਿਦਿਆਰਥੀਆਂ ਨੂੰ ਵਾਪਿਸ ਕਰ ਦਿੱਤੀ ਗਈ ਹੈ
3) ਸੰਸਥਾ ਦੇ ਅਪਲਾਈ ਕੀਤੇ ਕੁੱਲ ਵਿਦਿਆਰਥੀਆਂ ਵਿੱਚ, ਕਿੰਨੇ ਵਿਦਿਆਰਥੀ ਪੜ੍ਹਾਈ ਛੱਡ ਗਏ, ਉਨ੍ਹਾਂ ਲੈਫਟ/ਡਰਾਪ ਆਊਟ ਵਿਦਿਆਰਥੀਆਂ ਦੀ ਗਿਣਤੀ, ਸਮੇਤ ਵਿਦਿਆਰਥੀਆਂ ਦਾ ਨਾਮ/ਪਿਤਾ ਦਾ ਨਾਮ ਅਤੇ ਆਈ.ਡੀ. ਨੰਬਰ ਆਦਿ;
4) ਅਨੁਸੂਚਿਤ ਜਾਤੀਆਂ ਦੇ ਇਸ ਸਕੀਮ ਅਧੀਨ ਲਾਭ ਲੈਣ ਵਾਲੇ ਯੋਗ ਵਿਦਿਆਰਥੀਆਂ ਦਾ ਪੇਪਰਾਂ ਵਿੱਚ ਬੈਠਨ ਦਾ ਸਬੂਤ (ਗਜਟ ਦੀ ਕਾਪੀ)
5) ਜਿਨ੍ਹੇ ਵਿਦਿਆਰਥੀਆਂ ਦਾ ਕਲੇਮ ਪ੍ਰਾਪਤ ਕੀਤਾ ਗਿਆ ਹੈ/ਕੀਤਾ ਜਾ ਰਿਹਾ ਹੈ, ਸਬੰਧੀ ਸਰਟੀਫਿਕੇਟ - ਕਿ ਇਹ ਵਿਦਿਆਰਥੀਆਂ ਸਾਲ 2014-15 ਦੌਰਾਨ, ਸੰਸਥਾ ਵਿੱਚ ਰੈਗੂਲਰ ਹਾਜਰ ਰਹੇ ਹਨ।

ਉਕਤ ਤਸਦੀਕਸ਼ੁਦਾ ਸੂਚਨਾ ਸਬੰਧਤ ਸੰਸਥਾ ਦੇ ਕਿਸੇ ਕਰਮਚਾਰੀ ਵਲੋਂ ਦਸਤੀ ਰੂਪ ਵਿੱਚ ਇਸ ਸਕੀਮ ਦੇ ਇੰਨਚਾਰਜ ਸ੍ਰੀ ਜਸਵਿੰਦਰ ਸਿੰਘ ਗਿੱਲ, ਡਿਪਟੀ ਡਾਇਰੈਕਟਰ ਅਤੇ ਸ੍ਰੀ ਰਾਕੇਸ਼ ਕੁਮਾਰ, ਸੀਨੀਅਰ ਸਹਾਇਕ ਨੂੰ ਚੈਕ ਕਰਵਾ ਕੇ, 15 ਦਿਨਾਂ ਦੇ ਅੰਦਰ-ਅੰਦਰ ਦਿੱਤੀ ਜਾਵੇ।

ਡਾਇਰੈਕਟਰ